Since March 2002
A National, Registered & Refereed Monthly Journal : Punjabi Literature
Research Link - 173, Vol - XVII (6), August - 2018, Page No. 81-83
ISSN - 0973-1628 ■ RNI - MPHIN-2002-7041 ■ Impact Factor - 2015 - 2.782

# ਸ਼ਿਵ ਕੁਮਾਰ ਦੇ ਕਾਵਿ ਵਿੱਚ ਸਭਿਆਚਾਰ ਦੀ ਪੇਸ਼ਕਾਰੀ

*ਪਿੰਡ ਵਿੱਚਕਿਤੇ ਵੀ ਕੁੱਝ ਹੋ ਰਿਹਾ ਹੋਵੇ, ਸ਼ਿਵ ਉੱਥੇ ਸਭ ਤੋਂ ਅੱਗੇ ਖੜਾ ਹੁੰਦਾ। ਭਾਂਵੇ ' ਵਿਆਹ ਹੁੰਦਾ ਜਾਂ ਮਾਤਮ, ਰਾਸ ਪੈਂਦੀ ਜਾਂ ਰਾਮ ਲੀਲ੍ਹਾ ਹੁੰਦੀ, ਬਾਂਦਰ, ਰਿੱਛਾਂ ਦਾ ਕੋਈ ਤਮਾਸ਼ਾ ਹੁੰਦਾ ਜਾਂ ਮਦਾਰੀ ਦੀ ਖੇਡ, ਜਾਂ ਪਿੰਡ ਵਿੱਚ ਕੋਈ ਫ਼ਕੀਰ ਆਇਆ ਹੁੰਦਾ... ਸ਼ਿਵ ਸਭ ਦੀਆਂ ਹਰਕਤਾਂ ਅਤੇ ਗੱਲ-ਕੱਥ ਤਿਟਾਂਨ ਨਾਲ ਦੇਖਦਾ-ਸੁਣਦਾ। ਉਸਨੇ ਪੰਜਾਬ ਦੇ ਲੋਕ ਗੀਤ, ਤ੍ਰਿੰਝਣ ਦੇ ਗੀਤ, ਮਾਹੀਆ, ਟੱਪੇ, ਢੋਲਾ, ਸੱਦ, ਬਿਰਹੜੇ, ਲੋਰੀਆਂ, ਸੁਹਾਗ, ਘੋੜੀਆਂ ਤੇ ਸਿੱਠਣੀਆਂ, ਆਪਣੇ ਪਿੰਡ ਦੀਆਂ ਸਿੱਧੀਆਂ-ਸਾਦੀਆਂ ਅਨਪੜ੍ਹ ਤ੍ਰੀਮਤਾਂ ਕੋਲ ਸੁਣ-ਸੁਣ ਕੇ ਰਟ ਲਏ ਸਨ।*

**ਸ਼੍ਰੀਮਤੀ ਅਮਨਦੀਪ ਕੌਰ**

ਸ਼ਿਵ ਕੁਮਾਰ ਦੇ ਹਰ ਗੀਤ, ਕਵਿਤਾ, ਗਜ਼ਲ, ਲੰਮੀ ਕਵਿਤਾ ਅਤੇ ਮਹਾਂ-ਕਾਵਿ ਵਿੱਚ ਪੰਜਾਬੀ ਸਭਿਆਚਾਰ ਪੂਰੀ ਤਰ੍ਹਾਂ ਰਮਿਆ ਹੋਇਆ ਹੈ। ਪੰਜਾਬੀ ਸਭਿਅਚਾਰ ਦੇ ਚਿੰਨ੍ਹ/ਪ੍ਰਤੀਕ, ਬਿੰਬ ਹਰ ਪਹਿਰੇ ਵਿੱਚ ਮਿਲਦੇ ਹਨ।

***ਮੇਰਿਆਂ ਗੀਤਾਂ ਦੀ ਮੈਨਾ ਮਰ ਗਈ,***
***ਰਹਿ ਗਿਆ ਪਾਂਧੀ ਮੁਕਾ ਪਹਿਲਾ ਹੀ ਕੋਹ।*** (1)

ਇਨ੍ਹਾਂ ਲਾਈਨਾਂ ਅੰਦਰ ਗੀਤ, ਮੈਨਾ, ਪਾਂਧੀ, ਕੋਹ- ਪੰਜਾਬ ਦੇ ਧਰਾਤਲ ਨਾਲ ਜੁੜੇ ਸ਼ਬਦ ਰੂਪੀ ਚਿੰਨ੍ਹਾਂ ਹਨ ਜੋ ਲੋਕਾਂ ਦੀ ਜ਼ਿੰਦਗੀ ਦਾ ਧੁਰਾ ਹਨ।

***- ਧਾਣਚਿੜੀਆਂਠੂੰਗ ਲਏ ਥੋਥੇ ਨੇ ਤੋਹ।***
***- ਤਿਤਲੀਆਂ ਦੀ ਹੋ ਗਈ ਧੁੰਧਲੀ ਨਿਗਾਹ।***
***- ਕੂਕ ਘੱਤੇ ਪਰ ਕਿਸੇ ਅੱਜ ਮੋਰ ਦੇ।***
***- ਪੀਣ ਦੇ ਆੜਾਂ ਨੂੰ ਪਾਣੀ ਪੀਣ ਦੇ।***
***- ਮਹਿਕੀਆਂਰੋਹੀਆਂ ਦੇ ਵੱਲ ਇਹਨੂੰ ਨਾ ਧੂਹ।***
***- ਪੈ ਗਈਆਂਫੁੱਲਾਂ ਦੇ ਮੂੰਹ ਤੇ ਝੁਰੜੀਆਂ।***

(ਸੰਪੂਰਨ ਕਾਵਿ ਸੰਗ੍ਰਹਿ, ਪੰਨਾ 42)

ਇਹ ਕੇਵਲ ਸ਼ਿਵ ਦੀ ਇੱਕ ਕਵਿਤਾ'ਸ਼ਰੀਂਹ ਦੇ ਫੁੱਲ' ਵਿੱਚੋਂ ਕੁੱਝ-ਕੁ ਉਦਾਹਰਣਾਂ ਹੀ ਹਨ। ਇਸ ਤੋਂ ਅਸੀਂ ਸ਼ਿਵ ਦੀ ਕਵਿਤਾ ਵਿੱਚ ਸਭਿਆਚਾਰਕ ਮੱਸ ਦਾ ਅੰਦਾਜ਼ਾ ਲਗਾ ਸਕਦੇ ਹਾਂ।

ਸ਼ਿਵ ਦੀ ਕਾਵਿ-ਰਚਨਾ ਵਿੱਚ ਬਿਰਹੋਂ ਕੁੱਠੇ ਪ੍ਰੇਮੀ, ਕੱਤਕ ਵਿੱਚ ਉੱਚੇ ਪਹਾੜਾਂ ਤੋਂ ਕੁਰਲਾਉਂਦੀਆਂ ਕੂੰਜਾਂ, ਕਬਰਾਂ ਦਾ ਲੱਭਣ ਆਉਣਾ, ਅੱਧੀ ਕਾਲੀ ਰਾਤ ਨੂੰ ਸਰਕੜਿਆਂ 'ਚੋਂ ਪੌਣ ਦੇ ਲੰਘਣ ਤੋਂ ਪੈਦਾ ਹੋਣ ਵਾਲੀ ਡਾਢੀ ਦਰਦ ਰਿੰਵਾਣੀ, ਅਜਬ ਸੁਰ ਵਾਲੇ ਗੀਤ ਸ਼ਾਮਲ ਹਨ।

***ਕੂੰਜਾਂ ਉੱਡ ਪੁੱਡ ਜਾਣਾ,***
***ਕਿਧਰੇ ਦੂਰ ਦਿਸੌਰੀਂ।***
***ਕੱਲ ਤੱਕ ਪੀੜ ਮੇਰੀ ਨੂੰ ਸਮਿਆਂ,***
***ਵਰ ਲੈ ਜਾਣਾਂ ਜੋਰੀ।***
***ਨ ਰੁੱਤਾਂ ਗਲ,***
***ਕੱਲ੍ਹ ਨੂੰ ਰਹਿਣਾ***
***ਫੁੱਲਾਂ ਦਾ ਕੋਈ ਗਹਿਣਾ।*** (2)

ਸਤਿੰਦਰ ਸਿੰਘ'ਨੂਰ' ਸ਼ਿਵ ਕੁਮਾਰ ਦੀ ਰਚਨਾਂ ਵਿੱਚ ਪੰਜਾਬੀ ਸਭਿਆਚਾਰ ਬਾਰੇ ਲਿਖਦੇ ਹਨ-

ਸ਼ਿਵ ਕੁਮਾਰ ਕਾਮ ਤੇ ਕਾਮਨਾ ਦੀਆਂ ਪਰਤਾਂ 'ਚੋਂ ਕਾਵਿ ਦਾ ਪ੍ਰਤੀਕੀ ਤੇ ਚਿਹਨਕੀ ਸੰਸਾਰ ਸਿਰਜਦਿਆਂ ਉਸ ਨੂੰ ਪੰਜਾਬੀ ਸਭਿਆਚਰ ਦੀ ਉਸ ਭਾਸ਼ਾ ਰਾਹੀਂ ਪ੍ਰਗਟਾਉਂਦਾ ਹੈ, ਜਿਸ ਦੀਆਂ ਜੜ੍ਹਾਂ ਪੰਜਾਬੀ ਅਵਚੇਤਨ ਵਿੱਚ ਬਹੁਤ ਡੂੰਘੀਆਂ ਹਨ ਤੇ ਇਉਂ ਵਾਰਿਸ (ਸ਼ਾਹ) ਤੋਂ ਪਿੱਛੋਂ ਸ਼ਿਵ ਕੁਮਾਰ ਇਯ ਚੇਤਨਾਂ ਦਾ ਪ੍ਰਮੁੱਖ ਸ਼ਾਇਰ ਬਣਦਾ ਹੈ।(3)

ਪੰਜਾਬੀ ਸਭਿਆਚਾਰ ਵਿੱਚ ਬੱਦਲ, ਗਾਗਰ, ਝਿਊਰ, ਪਾਣੀ, ਖੂਹ, ਮਿਹਨਤ ਕਰਕੇ ਊਂਧੀ ਪਾਉਣੀ, ਅੱਜ-ਕੱਲ੍ਹ ਅਲੋਪ ਹੋ ਗਏ ਹਨ। ਸ਼ਿਵ ਨੇ ਇਹ ਯਾਦਾਂ ਕਾਇਮ ਰੱਖੀਆਂ ਹਨ-

***ਰਾਤ ਜਿਵੇਂ ਕੋਈ ਕੁੜੀ ਝਿਊਰੀ,***
***ਪਾ ਬੱਦਲਾਂ ਦਾ ਪਾਟਾ ਝੱਗਾ।***
***ਚੁੱਕੀ ਚੰਨ ਦੀ ਚਿੱਬੀ ਗਾਗਰ,***
***ਧਰਤੀ ਤੇ ਖੂਹੇ ਤੇ ਆਈ।***
***ਟੁਰੇ ਵਿਚਾਰੀ ਊਂਧੀ ਪਾਈ,***
***ਇਹ ਕਿਸ ਦੀ ਅੱਜ ਯਾਦ ਹੈ ਆਈ।***(4)

ਡਾ. ਜਗਬੀਰ ਸਿੰਘ, ਸ਼ਿਵ ਰਚਨਾ ਵਿੱਚ ਪੰਜਾਬੀ ਲੋਕਧਾਰਾ ਅਤੇ ਸਭਿਆਚਾਰੀ ਵਿਰਾਸਤ ਦੀ ਸਿਰਜਣਾ ਸੰਬੰਧੀ ਲਿਖਦੇ ਹਨ-

ਪੰਜਾਬੀ ਦਾ ਲੋਕਧਾਰਾਈ ਅਤੇ ਸਭਿਆਚਾਰਕ ਵਿਰਾਸਤ ਨਾਲ ਸਿਰਜਣਾ ਦਾ ਸਰੋਕਾਰ ਜੋੜਨ ਵਾਲੇ ਆਧੁਨਿਕ ਪੰਜਾਬੀ ਸ਼ਾਇਰ ਸ਼ਿਵ ਕੁਮਾਰ ਦਾ ਕਾਵਿ-ਜਗਤ ਮੂਲ-ਰੂਪ ਵਿੱਚ ਕਾਮਨਾ ਦੇ ਪ੍ਰਵਚਨ ਦੀ ਉਸਾਰੀ ਕਰਦਾ ਹੈ।

***.....'ਆਟੇ ਦੀਆਂ ਚਿੜੀਆਂ', 'ਲੂਣਾ' ਅਤੇ 'ਮੈਂ ਤੇ ਮੈਂ' ਦੇ ਕਾਵਿ ਪ੍ਰਵਚਨ ਦਾ ਨਿਕਟ-ਅਧਿਐਨ ਪੇਸ਼ ਕੀਤਾ ਹੈ।***(5)

ਆਮ ਅਰਥਾਂ ਵਿੱਚ ਸ਼ੈਲੀ ਪ੍ਰਗਟਾ ਹੁੰਦੀ ਹੈ, ਜਿਸ ਵਿੱਚ ਕਵੀ ਵੱਲੋਂ ਬਿੰਬ, ਪ੍ਰਤੀਕ, ਰੂਪਕ, ਮੋਟਿਫ਼ ਤੇ ਸਮੁੱਚਾ ਕਾਵਿ ਮੁਹਾਵਰਾ ਸ਼ਾਮਲ ਹੁੰਦਾ ਹੈ। ਸ਼ਿਵ ਕੁਮਾਰ ਦੀਆਂ ਰਚਨਾਵਾਂ ਚਰਿੱਤਰਹੀਣ,

*ਖੋਜਾਰਥੀ (ਪੰਜਾਬੀ ਵਿਭਾਗ), ਟਾਂਟੀਆ ਯੂਨੀਵਰਸਿਟੀ, ਸ਼੍ਰੀ ਗੰਗਾਨਗਰ (ਰਾਜਸਥਾਨ)*

ਮਿਰਚਾਂ ਦੇ ਪੱਤਰ, ਵੀਨਾ ਦਾ ਬੁੱਤ, ਕੰਡਿਆਲੀ ਥੋਰ, ਸ਼ੀਸ਼ੇ, ਲੂਣਾ, ਲਾਜਵੰਤੀ ਆਦਿ ਵਿੱਚ ਪ੍ਰਸਤੁਤ ਹੋਏ ਬਿੰਬ ਔਰਤ ਦੀ ਹਾਲਤ ਬਾਰੇ ਇਸ਼ਾਰਾ ਕਰਦੇ ਹਨ–

***ਕਰਮਾਂ ਦੀ ਮਹਿੰਦੀ ਦਾ ਸੱਜਣਾਂ***
***ਰੰਗ ਕਿਵੇਂ ਦੱਸ ਚੜ੍ਹਦਾ ਵੇ,***
***ਜੇ ਕਿਸਮਤ ਮਿਰਚਾਂ ਦੇ ਪੱਤਰ***
***ਪੀਠ, ਤਲੀ ਤੇ ਲਾਏ ਵੇ।***(6)

ਅੱਜ–ਕੱਲ੍ਹ ਬੱਸਾਂ, ਗੱਡੀਆਂ, ਕਾਰਾਂ, ਘਰਾਂ ਵਿੱਚ ਇੱਕ ਕੁੜੀ ਦੀ ਫੋਟੋ ਦਰਖ਼ਤ ਥੱਲੇ ਬੈਠੀ ਦੀ ਆਮ ਵੇਖੀ ਜਾ ਸਕਦੀ ਹੈ। ਉਸ ਤੇ ਲਿਖੀਆਂ ਬੜੀਆਂ ਹੀ ਭਾਵਪੂਰਤ ਲਾਈਨਾਂ ਹਨ। ਇਹ ਲਾਈਨਾਂ ਬੜੀਆਂ ਹੀ ਟੁੰਬਣੀਆਂ ਹਨ ਕਿਉਂਕਿ ਇਹ ਰਚਨਾ ਸ਼ਿਵ ਕੁਮਾਰ ਬਟਾਲਵੀ ਦੀ ਹੈ–

***ਕਿੱਕਰਾਂ ਦੇ ਫੁੱਲਾਂ ਦੀ ਅੜਿਆ***
***ਕੌਣ ਕਰੇਂਦੇ ਰਾਖੀ ਵੇ,***
***ਕਦ ਕੋਈ ਮਾਲੀ ਮਲ੍ਹਿਆਂ ਉੱਤੋਂ***
***ਹਰੀਅਲ ਆਣ ਉਡਾਵੇ ਵੇ।***(7)

ਮੁੱਕਦੀ ਗੱਲ, ਪੰਜਾਬੀ ਵਿਰਸੇ ਦਾ ਪੂਰਾ ਕੋਸ਼ ਹੈ, ਸ਼ਿਵ ਦੀ ਕਵਿਤਾ। ਪ੍ਰੋ. ਮਨਜੀਤ ਸਿੰਘ ਆਪਣੇ ਖੋਜ–ਪ੍ਰਬੰਧ ਵਿੱਚ ਸ਼ਿਵ ਕੁਮਾਰ ਬਟਾਲਵੀ ਦੀਆਂ ਸਾਹਿਤਕ ਪ੍ਰਾਪਤੀਆਂ ਬਾਰੇ ਲਿਖਦੇ ਹਨ–

ਸ਼ਿਵ ਕੁਮਾਰ ਨੇ ਆਪਣੀ ਕਵਿਤਾ ਵਿੱਚ ਨਵੇਂ–ਨਵੇਂ ਪ੍ਰਯੋਗ ਕੀਤੇ। ਆਪ ਨੇ ਅਲੰਕਾਰ, ਬਿੰਬ/ਪ੍ਰਤੀਬਿੰਬ, ਚਿੰਨ੍ਹ ਤੇ ਕਟਾਖਸ਼ ਵੀ ਬਹੁਤ ਸੋਹਣੇ ਵਰਤੇ।(8)

ਅੰਮ੍ਰਿਤਾ ਪ੍ਰੀਤਮ ਦਾ, ਸ਼ਿਵ ਕੁਮਾਰ ਨਾਲ ਬਤੌਰ ਸਾਹਿਤਕਾਰ ਬਹੁਤ ਡੂੰਘਾ ਰਿਸ਼ਤਾ ਰਿਹਾ ਹੈ। ਅੰਮ੍ਰਿਤਾ ਪ੍ਰੀਤਮ ਨੇ ਸ਼ਿਵ ਕੁਮਾਰ ਦੀ ਕਾਵਿ–ਰਚਨਾ ਬਾਰੇ ਸੰਖੇਪ ਪਰ ਭਾਵਪੂਰਤ ਟਿੱਪਣੀ ਕੀਤੀ ਹੈ–

***ਸ਼ਿਵ ਦੀ ਕਲਮ ਵਿੱਚ, ਰੁੱਖ ਬੂਟੇ ਪੰਜਾਬ ਦੇ,***
***ਰਸਮਾਂ ਰਵਾਇਤਾਂ ਪੰਜਾਬ ਦੀਆਂ,***
***ਸਭਿਅਤਾ ਸੰਸਕਾਰ ਪੰਜਾਬ ਦੇ***
***ਪਰ ਦਰਦ ਸਾਰੀ ਦੁਨੀਆਂ ਦਾ ਸਾਂਝਾ।***(9)

ਪਿਆਰ ਦੇ ਨਿੱਤਰਿਆ ਪਾਣੀ ਦੀ ਚੂਲੀ ਪੀਣੀ, ਪੰਜਾਬੀ ਸਭਿਆਚਾਰ ਦਾ ਪਾਕ–ਪਵਿੱਤਰ ਸੁੱਚਾ ਜਜ਼ਬਾ ਹੈ। ਰੋੜ ਗਲੀਆਂ ਦੇ ਅਤੇ ਤੀਲੇ ਇਕੱਠੇ ਕਰਕੇ ਬੁੱਕਰ ਵਿੱਚ ਧੁਖਾਉਣੇ ਇਹ ਕੋਈਸ਼ਿਵ ਦੀ ਰਚਨਾ ਵਿੱਚੋਂ ਹੀ ਲੱਭ ਸਕਦਾ ਹੈ–

***ਚੁਗ–ਚੁਗ ਰੋੜ ਗਲੀ ਤੇਰੀ ਦੇ,***
***ਘੁੰਗਣੀਆਂ ਵੱਤ ਚੱਬ ਲਏ ਵੇ।***
***ਕੱਠੇ ਕਰ–ਕਰ ਕੇ ਮੈਂ ਤੀਲੇ,***
***ਬੁੱਕਲ ਵਿੱਚ ਧੁਖਾਏ ਵੇ।***(10)
***ਇੱਕ ਚੂਲੀ ਵੀ ਪੀ ਨਾ ਸੱਕੀ,***
***ਪਿਆਰ ਦੇ ਨਿੱਤਰੇ ਪਾਣੀ ਵੇ,***
***ਵਿਹੰਦਿਆਂ ਸਾਰ ਪਏ ਵਿੱਚ ਪੂਰੇ,***
***ਜਾਂ ਮੈਂ ਹੋਠ ਛੁਹਾਏ ਵੇ।***(10)

ਦਿਲ ਦਾ ਮਿਰਗ ਝੱਲਾ ਹੈ, ਨੈਣ ਬੰਜਰ ਹੋ ਜਾਂਦੇ ਹਨ, ਗਮਾਂ ਦੇ ਕਾਫ਼ਲੇ ਦਿਲ'ਚੋਂ ਥੇਹ ਹੋ ਗਏ ਹਨ, ਸਿਉਂਕ ਦਿਲ ਦੇ ਦਰਵਾਜ਼ਿਆਂ ਨੂੰ ਖਾ ਗਈ ਹੈ, ਬਿਰਹੋਂ ਦੀ ਲੇਹ ਚੰਦਨ ਵਰਗੀ ਦੇਹ ਨੂੰ ਖਾ ਗਈ ਹੈ, ਗੀਤਾਂ ਦੀ ਮੈਨਾ ਮਰ ਜਾਂਦੀ ਹੈ। ਇਹ ਸਭ ਪ੍ਰਤੀਕ, ਪੰਜਾਬੀ ਸਭਿਆਚਾਰ ਦੀ ਪਛਾਣ ਵਾਲੇ ਹਨ। ਸ਼ਿਵ ਦੀ ਕਾਵਿ ਕਲਾ ਦਾ ਨਮੂਨਾ–

***ਮੇਰਿਆਂ ਗੀਤਾਂ ਦੀ ਮੈਨਾ ਮਰ ਗਈ,***
***ਰਹਿ ਗਿਆ ਪਾਂਧੀ ਮੁਕਾ ਪਹਿਲਾ ਹੀ ਕੋਹ।***
***ਆਖਰੀ ਫੁੱਲ ਵੀ ਸਰੀਂਹ ਦਾ ਡਿੱਗ ਪਿਆ,***
***ਖਾ ਗਿਆ ਸਰਸਬਜ਼ ਜੂਹਾਂ ਸਰਦ ਪੋਹ।***
***ਚੰਨ ਦੀ ਰੋਟੀ ਪਕਾਈ ਤਾਰਿਆਂ,***
***ਬਦਲੀਆਂ ਮਰ ਜਾਣੀਆਂ ਗਈਆਂ ਲੈ ਖੋਹ।***

(ਸੰਪੂਰਨ ਕਾਵਿ ਸੰਗ੍ਰਹਿ, ਪੰਨਾ 41)

ਸ਼ਿਵ ਦੀ ਕਵਿਤਾ, ਕਲਾ ਦੇ ਗੁਣਾਂ ਨਾਲ ਭਰਪੂਰ ਹੈ। ਇਸਦੇ ਹਰ ਗੀਤ, ਕਵਿਤਾ ਅਤੇ ਹੋਰ ਰੂਪਾਂ ਵਿੱਚ ਪ੍ਰਤੀਕ (ਚਿੰਨ੍ਹਾਂ) ਦੀ ਬਹੁਲਤਾ ਹੈ। ਕਿਸੇ ਵੀ ਪਾਤਰ ਨੂੰ ਪ੍ਰਗਟਾਉਣ ਲਈ ਉਸਦੇ ਵਿਸ਼ੇਸ਼ ਭਾਵਾਂ ਨੂੰ ਚਿੰਨ੍ਹਾਂ ਦੁਆਰਾ ਪ੍ਰਗਟ ਕੀਤਾ ਗਿਆ ਹੈ। ਸ਼ਿਵ ਦੀ ਕਾਵਿ–ਰਚਨਾ, ਰਸ, ਛੰਦਾਬੰਦੀ, ਪ੍ਰਤੀਕ ਅਤੇ ਹੋਰ ਕਾਵਿ–ਗੁਣਾਂ ਨਾਲ ਭਰਪੂਰ ਹੈ।

ਸ਼ਿਵ ਕੁਮਾਰ ਦੀ ਮੌਤ ਮਗਰੋਂ ਉਸ ਬਾਰੇ ਬਹੁਤ ਕੁੱਝ ਲਿਖਿਆ ਗਿਆ। ਉਸਦੀ ਰਚਨਾ ਨੂੰ ਘੋਖਿਆ ਗਿਆ। ਉਸ ਦੇ ਬੇਟੇ ਮਿਹਰਬਾਨ ਨੇ, ਸ਼ਿਵ ਦੀ ਰਚਨਾ ਦੇ ਪਿਛੋਕੜ ਬਾਰੇ ਲਿਖਿਆ ਹੈ–

ਪਿੰਡ ਵਿੱਚਕਿਤੇ ਵੀ ਕੁੱਝ ਹੋ ਰਿਹਾ ਹੋਵੇ, ਸ਼ਿਵ ਉੱਥੇ ਸਭ ਤੋਂ ਅੱਗੇ ਖੜ੍ਹਾ ਹੁੰਦਾ। ਭਾਂਵੇਂ ਵਿਆਹ ਹੁੰਦਾ ਜਾਂ ਮਾਤਮ, ਰਾਸ ਪੈਂਦੀ ਜਾਂ ਰਾਮ ਲੀਲ੍ਹਾ ਹੁੰਦੀ, ਬਾਂਦਰ, ਰਿੱਛਾਂ ਦਾ ਕੋਈ ਤਮਾਸ਼ਾ ਹੁੰਦਾ ਜਾਂ ਮਦਾਰੀ ਦੀ ਖੇਡ, ਜਾਂ ਪਿੰਡ ਵਿੱਚ ਕੋਈ ਫ਼ਕੀਰ ਆਇਆ ਹੁੰਦਾ... ਸ਼ਿਵ ਸਭ ਦੀਆਂ ਹਰਕਤਾਂ ਅਤੇ ਗੱਲ–ਕੱਥ ਤਿਟਾਂਨ ਨਾਲ ਦੇ ਖਦਾ–ਸੁਣਦਾ। ਉਸਨੇ ਪੰਜਾਬ ਦੇ ਲੋਕ ਗੀਤ, ਤ੍ਰਿੰਝਣ ਦੇ ਗੀਤ, ਮਾਹੀਆ, ਟੱਪੇ, ਢੋਲਾ, ਸੱਦ, ਬਿਰਹੜੇ, ਲੋਰੀਆਂ, ਸੁਹਾਗ, ਘੋੜੀਆਂ ਤੇ ਸਿੱਠਣੀਆਂ, ਆਪਣੇ ਪਿੰਡ ਦੀਆਂ ਸਿੱਧੀਆਂ–ਸਾਦੀਆਂ ਅਨਪੜ੍ਹ ਤ੍ਰੀਮਤਾਂ ਕੋਲ ਸੁਣ–ਸੁਣ ਕੇ ਰਟ ਲਏ ਸਨ।(11)

ਬਲਵੰਤ ਗਾਰਗੀ, ਅੰਤਰਰਾਸ਼ਟਰੀ ਪੱਧਰ ਦੇ ਪੰਜਾਬੀ ਲੇਖਕ ਹੋਏ ਹਨ। ਉਨ੍ਹਾਂ ਦੇ ਉੱਚ ਪਾਏ ਦੇ ਨਾਟਕ ਬਹੁਤ ਮਸ਼ਹੂਰ ਹੋਏ। ਉਨ੍ਹਾਂ ਦੀ ਸ਼ਿਵ ਕੁਮਾਰ ਨਾਲ ਨੇੜਤਾ ਸੀ। ਉਨ੍ਹਾਂ ਨੇ ਸ਼ਿਵ ਕੁਮਾਰ ਅਤੇ ਉਨ੍ਹਾਂ ਦੀ ਰਚਨਾ ਬਾਰੇ ਬੜਾ ਭਾਵਪੂਰਤ ਲਿਖਿਆ ਹੈ–

ਸ਼ਿਵ ਦੀ ਰਚਨਾਵਾਂ ਵਿੱਚ ਅਦਭੁੱਤ ਤੇ ਅਨੋਖੇ ਅਲੰਕਾਰ ਚਮਕਦੇ ਸਨ। ਅਣਛੋਹੀਆਂ ਉਪਮਾਵਾਂ, ਸੱਜਰੀਆਂ ਸ਼ਬਦ ਲਿਸ਼ਕੋਰਾਂ। ਇੰਨ੍ਹਾਂ ਵਿੱਚ ਬਿਰਹਾ ਤੇ ਪੇਂਡੂਜੀਵਨ ਦੀ ਮੜ੍ਹਕ ਸੀ। ਉਸ ਨੇ ਕਨੇਰ ਦੇ ਫੁੱਲ, ਪੀਲੀ ਮਿੱਟੀ ਦੇ ਰੋੜ, ਭੱਠੀ ਦੇ ਦਾਣੇ, ਕੰਡਿਆਲੀ ਥੋਰ ਦਾ ਵਰਨਣ ਕੀਤਾ ਪਰ ਉਸਦੀ ਕਵਿਤਾ ਪੇਂਡੂ ਤੇ ਰੁਮਾਂਟਿਕ ਪੱਧਰ ਤੇ ਹੀ ਰਹੀ...(12)

ਲੋਹੇ ਦਾ ਸ਼ਹਿਰ, ਪਿੱਤਲ ਦੇ ਲੋਕ, ਸਿੱਕੇ ਦੇ ਬੋਲ, ਸ਼ੀਸ਼ੇ ਦਾ ਵੇ ਸ, ਇੰਨ੍ਹਾਂ ਚਾਰ ਲਾਈਨਾਂ ਵਿੱਚ ਲੋਕਾਂ ਦੇ ਵਿਚਾਰ, ਆਦਤਾਂ, ਸੁਭਾਅ ਅਤੇ ਰਹਿਣ–ਸਹਿਣ ਬਾਰੇ ਭਾਂਵੇਂ ਸ਼ਿਵ ਨੇ ਪ੍ਰਤੀਕਾਤਮਕ ਹੀ ਲਿਖਿਆ ਹੈ, ਪਰੰਤੂਸਾਰੀ ਗੱਲ ਸਮਝ ਆ ਜਾਂਦੀ ਹੈ।

ਇਸ ਰਚਨਾ ਵਿੱਚ ਲੋਹਾ, ਪਿੱਤਲ, ਸਿੱਕਾ ਤੇ ਜਿਸਤ ਧਾਤਾਂ ਹਨ। ਮਨੁੱਖ ਦੇ ਸੁਭਾਅ ਅਤੇ ਵਿਵਹਾਰ ਦਾ ਪ੍ਰਗਟਾਅ ਧਾਤ ਨਾਲ ਕਰਕੇ, ਉਨ੍ਹਾਂ ਦੀ ਜ਼ਿਹਨੀਅਤ ਬਾਰੇ ਗੱਲ ਕੀਤੀ ਹੈ।

***ਲੋਹੇ ਦਾ ਸ਼ਹਿਰ, ਗਗਨ, ਹੱਡ, ਲੋਕ, ਗੀਤ, ਸਾਰੇ ਲੋਹੇ ਵਰਗੇ ਹਨ।***

***ਪਿੱਤਲ ਦੇ ਲੋਕ, ਚੜਦਾ ਸੂਰਜ – ਚਮਕ ਦਾ ਪ੍ਰਤੀਕ ਹਨ।***

***ਸੋਨੇ ਦੇ ਗਿਰਝ ਬਹਿੰਦੇ ਹਨ।***
***ਸਿੱਕੇ ਦੇ ਬੋਲ ਬੋਲਦੇ ਹਨ।***
***ਸ਼ੀਸ਼ੇ ਦਾ ਵੇਸ (ਕੱਪੜੇ) ਪਾਉਂਦੇ ਹਨ।***
***ਤਾਂਬੇ ਦੇ ਰੁੱਖ ਲੱਗੇ ਹਨ।***
***ਚਾਂਦੀ ਦੀ ਫ਼ਸਲ ਨਿੱਸਰਦੀ ਹੈ।***

ਚੀਨੀ ਹਮਲੇ ਸਮੇਂ ਅਮਨ ਦਾ ਹੋਕਾ ਦਿੰਦਾ ਸ਼ਿਵ ਸ਼ਾਂਤੀ ਦੀ ਅਪੀਲ ਕਰਦਾ ਹੈ। ਦਰਅਸਲ ਸ਼ਿਵ ਨੇ ਕੁੱਝ–ਕੁ ਲੋਕ ਗੀਤ ਵੀ ਲਿਖੇ ਹਨ ਜੋ ਬਹੁਤ ਪ੍ਰਚੱਲਤ ਹਨ। ਇਹ ਸੁਰਿੰਦਰ ਕੌਰ/ਪ੍ਰਕਾਸ਼ ਕੌਰ ਵੱਲੋਂ ਗਾਏ ਗਏ ਹਨ। ਕੁੱਝ ਗੀਤ ਸ਼ਿਵ ਨੇ ਦੇਸ਼ ਭਗਤੀ, ਸਮਾਜ ਸੁਧਾਰਕ ਅਤੇ ਸਮਾਜਕ ਬੁਰਾਈਆਂ ਬਾਰੇ ਵੀ ਲਿਖੇ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਸ਼ਿਵ ਜਿੱਥੇ ਵੀ ਹੱਥ ਅਜ਼ਮਾਏ ਕਾਮਯਾਬ ਹੋਇਆ ਹੈ।

*– ਆਓ ਵੇ ਇਸ ਬਾਰੂਦ ਦੀ,*
*ਵਰਮੀ ਤੇ ਪਾਈਏ ਲੱਸੀਆਂ।*
*– ਹੁਣ ਹੋਰ ਨਾ ਮਾਨੁੱਖ ਸਿਰ,*
*ਲਹੂਆਂ ਦਾ ਕਰਜ਼ਾ ਚਾੜ੍ਹਿਓ।*(13)

ਲੂਣਾ ਵਿੱਚ ਕਾਮ ਦੀ ਅੱਗ ਨੂੰ ਨਾਰੀ ਦਾ ਪ੍ਰਤੀਕ ਲਿਖਿਆ ਗਿਆ ਹੈ। ਲੂਣਾ ਵਿੱਚ ਅਗਨੀ ਦਾ ਸੇਕ, ਅੱਗ ਖੁਰਨਾ, ਅੱਗ ਦੀ ਉਮਰ, ਅੱਗ ਦੇ ਲੇਖ, ਅਗਨ ਵਰਸੇ, ਅੱਗ ਦਾ ਮੌਸਮ, ਅੱਗ ਦੀ ਕਹਾਣੀ, ਅੱਗ ਦੀ ਲੋਂਪ, ਅਗਨੀ ਦਾ ਪੇਚ, ਅਗਨ ਬਿਰਛ, ਅੱਗ ਹੀ ਅੱਗ।

*ਮੈਂ ਅੱਗ ਟੁਰੀ ਪਰਦੇਸ*
*ਨੀ ਸਈਓ*
*ਅੱਗ ਟੁਰੀ ਪਰਦੇਸ*
*ਇੱਕ ਛਾਤੀ ਮੇਰੀ ਹਾੜ ਤਪੰਦਾ*
*ਦੂਰੀ ਤਪੰਦਾ ਜੇਠ*
*ਨੀ ਮੈਂ ਅੱਗ ਟੁਰੀ*
*ਪਰਦੇਸ।*(14)

ਸ਼ਿਵ ਕੁਮਾਰ ਨੇ ਵਿਯੋਗ, ਬਿਰਹਾ, ਪ੍ਰੀਤ ਪਿਆਰ, ਇਸ਼ਕ, ਹੁਸਨ ਜਿਹੇ ਸਦੀਵੀਂ ਭਾਵਾਂ ਨੂੰ ਨਵਾਂ ਰੰਗ-ਰੂਪ ਦਿੱਤਾ, ਜਿਵੇਂ ਜਿੰਦਗੀ ਦੀ ਰੋਹੀ, ਫੁੱਲਾਂ ਦੀਆਂ ਨੱਤੀਆਂ, ਸੂਲਾਂ ਦੀ ਪੰਜੇਬ, ਸਮੇਂ ਦਾ ਖੂਹ, ਸੋਗ ਦਾ ਗੁਲਾਲ, ਯਾਦਾਂ ਦਾ ਮਿੱਸਾ ਟੁੱਕਰ, ਅਕਲਾਂ ਦੇ ਕਾਗ ਆਦਿ ਸ਼ਿਵ ਦੀ ਕਵਿਤਾ ਵਿੱਚੋਂ ਪ੍ਰਕਿਰਤੀ ਆਪ-ਮੁਹਾਰੀ ਬੋਲਦੀ ਹੈ। ਉਸ ਨੇ ਕੁਦਰਤ ਦਾ ਮਾਨਵੀਕਰਨ ਕਰ ਦਿੱਤਾ। ਹੈਰਾਨੀ ਵਾਲੀ ਗੱਲ ਹੈ ਕਿ ਹੋਰਨਾਂ ਲੇਖਕਾਂ ਵਾਂਗ ਜਦੋਂ ਸ਼ਿਵ ਲਿਖ ਰਿਹਾ ਸੀ ਉਦੋਂ ਉਸ ਨੂੰ ਕੋਈ ਵੀ ਸੁਣਨ ਲਈ ਤਿਆਰ ਨਹੀਂ ਸੀ।

ਧਨੀ ਰਾਮ ਚਾਤ੍ਰਿਕ ਜੀ ਦੀਆਂ ਰਚਨਾਵਾਂ ਵਿੱਚ ਪੰਜਾਬੀ ਸਭਿਆਚਾਰ ਦੇ ਪ੍ਰਤੀਕ ਦਿੱਸਦੇ ਹਨ। ਸ਼ਿਵ ਨੇ ਉਸ ਤੋਂ ਵੀ ਅੱਗੇ ਪਰੰਪਰਾ ਤੋਰਦਿਆਂ ਪ੍ਰੋ. ਮੋਹਨ ਸਿੰਘ-ਅੰਮ੍ਰਿਤਾ ਪ੍ਰੀਤਮ ਵਾਂਗੂੰ ਕਵਿਤਾ ਵਿੱਚ ਪ੍ਰਤੀਕਾਂ ਦੀ ਝੜੀ ਲਾ ਦਿੱਤੀ ਹੈ।

**ਹਵਾਲੇ :**


*(1) ਜੀਵਨ ਸਿੰਘ (ਸੰਪਾ.), ਸ਼ਿਵ ਕੁਮਾਰ, ਸੰਪੂਰਨ ਕਾਵਿ-ਸੰਗ੍ਰਹਿ, ਪੰਨਾ 41.*

*(2) ਜੀਵਨ ਸਿੰਘ (ਸੰਪਾ.), ਸ਼ਿਵ ਕੁਮਾਰ, ਸੰਪੂਰਨ ਕਾਵਿ-ਸੰਗ੍ਰਹਿ, ਪੰਨਾ 284.*

*(3) ਸਤਿੰਦਰ ਸਿੰਘ ਨੂਰ, ਹਵਾਲਾ ਪੁਸਤਕ- ਕਾਮ ਕਾਮਨਾ ਤੇ ਸ਼ਿਵ ਕਾਵਿ (ਦੀਪਕ ਮਨਮੋਹਨ ਸਿੰਘ), ਬੈਕਸਾਈਡ ਕਵਰ ਪੇਜ ਦੇ ਉੱਤੇ।*

*(4) ਜੀਵਨ ਸਿੰਘ (ਸੰਪਾ.), ਸ਼ਿਵ ਕੁਮਾਰ, ਸੰਪੂਰਨ ਕਾਵਿ-ਸੰਗ੍ਰਹਿ, ਪੰਨਾ 94.*

*(5) ਜਗਬੀਰ ਸਿੰਘ, ਹਵਾਲਾ ਪੁਸਤਕ- ਕਾਮ ਕਾਮਨਾ ਤੇ ਸ਼ਿਵ ਕਾਵਿ (ਦੀਪਕ ਮਨਮੋਹਨ ਸਿੰਘ), ਬੈਕਸਾਈਡ ਕਵਰ ਪੇਜ ਦੇ ਉੱਤੇ।*

*(6) ਜੀਵਨ ਸਿੰਘ (ਸੰਪਾ.), ਸ਼ਿਵ ਕੁਮਾਰ, ਸੰਪੂਰਨ ਕਾਵਿ-ਸੰਗ੍ਰਹਿ, ਪੰਨਾ 9.*

*(7) ਉਹੀ, ਪੰਨਾ 39.*

*(8) ਜੀਵਨ ਸਿੰਘ (ਸੰਪਾ.), ਸ਼ਿਵ ਕੁਮਾਰ, ਸੰਪੂਰਨ ਕਾਵਿ-ਸੰਗ੍ਰਹਿ, ਪੰਨਾ 33 (ਮੁੱਖ ਬੰਧ).*

*(9) ਸ਼ਿਵ ਕੁਮਾਰ, ਪੀੜਾਂ ਦਾ ਪਰਾਗਾ, ਮੁੱਖ ਬੰਧ, ਪੰਨਾ 6*

*(10) ਜੀਵਨ ਸਿੰਘ (ਸੰਪਾ.), ਸ਼ਿਵ ਕੁਮਾਰ, ਸੰਪੂਰਨ ਕਾਵਿ-ਸੰਗ੍ਰਹਿ, ਪੰਨਾ 40.*

*(11) ਨਿੰਦਰ ਘੁਗਿਆਣਵੀ, ਸ਼ਿਵ ਕੁਮਾਰ (ਜੀਵਨ ਤੇ ਯਾਦਾਂ), ਪੰਨਾ 133*

*(12) ਉਹੀ, ਪੰਨਾ 125.*

*(13) ਜੀਵਨ ਸਿੰਘ (ਸੰਪਾ.), ਸ਼ਿਵ ਕੁਮਾਰ, ਸੰਪੂਰਨ ਕਾਵਿ-ਸੰਗ੍ਰਹਿ, ਪੰਨਾ 237.*

*(14) ਉਹੀ, ਪੰਨਾ 341.*


❁❁